

# Villages

VANCOUVER PLAN
Implementation
2050

## ਵਿਲੇਜੇਜ਼ ਪਲੈਨਿੰਗ ਪ੍ਰੋਗਰਾਮ (ਇਲਾਕਿਆਂ ਦੀ ਯੋਜਨਾਬੰਦੀ ਪ੍ਰੋਗਰਾਮ) ਦਾ ਸਾਰ

ਅਸੀਂ ਕੀ ਕਰ ਰਹੇ ਹਾਂ: ਅਸੀਂ ਇਸ ਬਾਰੇ ਫੀਡਬੈਕ ਮੰਗ ਕਰ ਰਹੇ ਹਾਂ ਕਿ ਵਸਨੀਕ 17 ਪ੍ਰਸਤਾਵਿਤ ਵਿਲੇਜਾਂ ਬਾਰੇ ਕੀ ਪਸੰਦ ਕਰਦੇ ਹਨ, ਅਤੇ ਕਿਹੜੀਆਂ ਤਬਦੀਲੀਆਂ ਭਵਿੱਖ ਵਿੱਚ ਇਹਨਾਂ ਆਂਢ-ਗੁਆਂਢਾਂ ਦੇ ਵਿਕਾਸ ਵਿੱਚ ਮਦਦ ਕਰਨਗੀਆਂ। ਇਹ ਫੀਡਬੈਕ ਡ੍ਰਾਫਟ ਯੋਜਨਾ ਦੀਆਂ ਸ਼ੁਰੂਆਤੀ ਦਿਸ਼ਾਵਾਂ ਨੂੰ ਆਕਾਰ ਦੇਣ ਵਿੱਚ ਮਦਦ ਕਰੇਗੀ।




## ਵਿਲੇਜ ਕੀ ਹਨ?

ਵਿਲੇਜ ਜੀਵੰਤ, ਸਰਗਰਮ, ਅਤੇ ਆਪਸ ਵਿੱਚ ਜੁੜੇ ਗੁਆਂਢ ਹੋਣਗੇ ਜਿੱਥੇ ਵਸਨੀਕਾਂ ਦੀਆਂ ਰੋਜ਼ਾਨਾ ਲੋੜਾਂ ਨੂੰ ਪੂਰਾ ਕਰਨ ਲਈ ਦੁਕਾਨਾਂ, ਸੇਵਾਵਾਂ ਅਤੇ ਸਹੂਲਤਾਂ ਹੋਣਗੀਆਂ, ਅਤੇ ਇਹ ਸਭ ਕੁਝ ਘਰ ਜਾਂ ਕੰਮ ਤੋਂ ਥੋੜ੍ਹੀ ਜਿਹੀ ਪੈਦਲ ਦੂਰੀ, ਇਕੱਲੇ ਵਿਅਕਤੀ ਦੇ ਪਹੀਆਂ ਵਾਲੇ ਵਾਹਨ, ਜਾਂ ਸਾਈਕਲ ਦੀ ਦੂਰੀ ਦੇ ਅੰਦਰ ਹੋਣਗੇ।

ਵੈਨਕੂਵਰ ਪਲੈਨ ਨੇ ਸੰਭਾਵੀ ਵਿਲੇਜਾਂ ਦੀ ਪਛਾਣ ਕੀਤੀ - ਮੌਜੂਦਾ ਛੋਟੇ ਰਿਟੇਲ ਸਮੂਹਾਂ ਵਾਲੇ ਖੇਤਰ ਜੋ ਸਮੇਂ ਦੇ ਨਾਲ, ਵਧੇਰੇ ਗਤੀਸ਼ੀਲ, ਸੰਪੂਰਨ ਗੁਆਂਢ ਬਣ ਸਕਦੇ ਹਨ। ਵਿਲੇਜ ਦੁਕਾਨਾਂ, ਕਮਿਊਨਿਟੀ ਸੇਵਾਵਾਂ ਅਤੇ ਸਹੂਲਤਾਂ ਦੇ ਛੋਟੇ ਸਮੂਹਾਂ ਦੇ ਆਲੇ-ਦੁਆਲੇ ਕੇਂਦਰਿਤ ਹੋਣਗੇ, ਜਿਨ੍ਹਾਂ ਦੇ ਦੁਆਲੇ 6-ਮੰਜ਼ਲਾਂ ਤੱਕ ਦੇ ਘੱਟ-ਘਣਤਾ ਵਾਲੇ ਘਰ ਜਿਵੇਂ ਕਿ ਮਲਟੀਪਲੈਕਸ, ਟਾਊਨਹਾਊਸ ਅਤੇ ਅਪਾਰਟਮੈਂਟ ਹੋਣਗੇ।



## ਵਿਲੇਜ ਕਿਉਂ?

ਅਸੀਂ ਜ਼ਰੂਰੀ ਰਿਹਾਇਸ਼ੀ ਲੋੜਾਂ ਨੂੰ ਪੂਰਾ ਕਰਨ ਅਤੇ ਵਧੇਰੇ ਰਹਿਣ ਯੋਗ ਅਤੇ ਟਿਕਾਊ ਭਾਈਚਾਰਾ ਬਣਾਉਣ ਲਈ ਕੰਮ ਕਰ ਰਹੇ ਹਾਂ।

ਵੈਨਕੂਵਰ ਪਲੈਨ ਰਾਹੀਂ, ਸਾਨੂੰ ਸਪੱਸ਼ਟ ਤੌਰ 'ਤੇ ਪਤਾ ਲੱਗਾ ਹੈ ਕਿ ਲੋਕ ਵਧੇਰੇ ਰਿਹਾਇਸ਼ੀ ਵਿਕਲਪ ਚਾਹੁੰਦੇ ਹਨ ਅਤੇ ਇਸਦੀ ਲੋੜ ਹੈ।

ਵਿਲੇਜੇਜ਼ ਪਲੈਨਿੰਗ ਪ੍ਰੋਗਰਾਮ ਵੈਨਕੂਵਰ ਦੇ ਕਈ ਘੱਟ-ਘਣਤਾ ਵਾਲੇ ਖੇਤਰਾਂ ਵਿੱਚ ਜ਼ਿਆਦਾ ਰਿਹਾਇਸ਼ੀ ਅਤੇ ਵਪਾਰਕ ਵਿਕਲਪਾਂ ਦੇ ਮਿਸ਼ਰਣ ਨੂੰ ਸਮਰੱਥ ਬਣਾਏਗਾ। ਇਸ ਨਾਲ ਲੋਕਾਂ ਦੇ ਰਹਿਣ, ਕੰਮ ਕਰਨ ਅਤੇ ਖੇਡਣ ਲਈ ਵਧੇਰੇ ਸੰਮਲਿਤ ਅਤੇ ਵਿਵਿਧ ਗੁਆਂਢਾਂ ਨੂੰ ਸਮਰਥਨ ਮਿਲੇਗਾ।

## ਵਿਲੇਜਾਂ ਵਿੱਚ

### ਮਹੱਤਵਪੂਰਨ ਮਿਸਿੰਗ ਮਿਡਲ ਹਾਊਸਿੰਗ - ਕਿਸੇ ਵੀ ਬਲਾਕ ਵਿੱਚ ਮਲਟੀਪਲੈਕਸ, ਟਾਊਨਹਾਊਸ ਅਤੇ ਛੇ ਮੰਜ਼ਿਲਾਂ ਤੱਕ ਦੀਆਂ ਅਪਾਰਟਮੈਂਟ ਬਿਲਡਿੰਗਾਂ - ਨੂੰ ਸਮਰੱਥ ਬਣਾਇਆ ਜਾਵੇਗਾ

- ਵੱਖ-ਵੱਖ ਆਕਾਰ ਅਤੇ ਉਚਾਈ ਵਾਲੀਆਂ ਬਿਲਡਿੰਗ ਦੇ ਮਿਸ਼ਰਣ ਨਾਲ ਵਧੇਰੇ ਬਹੁਭਾਂਤੀ ਅਤੇ ਵਿਵਿਧ ਸਟ੍ਰੀਟਾਂ ਬਣਾਈਆਂ ਜਾਣਗੀਆਂ
- ਵੱਖ-ਵੱਖ ਆਕਾਰਾਂ ਅਤੇ ਆਮਦਨੀ ਵਾਲੇ ਪਰਿਵਾਰਾਂ ਲਈ ਵਿਕਲਪ ਪ੍ਰਦਾਨ ਕੀਤੇ ਜਾਣਗੇ

### ਵਧੇਰੇ ਸਥਾਨਕ ਦੁਕਾਨਾਂ ਅਤੇ ਸੇਵਾਵਾਂ ਦਾ ਸਮਰਥਨ ਕੀਤਾ ਜਾਵੇਗਾ - ਛੋਟੇ ਕਾਰੋਬਾਰਾਂ ਲਈ ਜ਼ਮੀਨੀ ਮੰਜ਼ਿਲ 'ਤੇ ਵਪਾਰਕ ਥਾਂ

- ਤੁਹਾਡੀਆਂ ਰੋਜ਼ਾਨਾ ਲੋੜਾਂ ਨੂੰ ਪੂਰਾ ਕਰਨ ਲਈ ਸਥਾਨ ਮੁਹੱਈਆ ਕੀਤੇ ਜਾਣਗੇ
- ਅਜਿਹੇ ਕਾਰੋਬਾਰਾਂ ਨੂੰ ਆਕਰਸ਼ਿਤ ਕੀਤਾ ਜਾਵੇਗਾ ਜਿੱਥੇ ਲੋਕ ਪਰਿਵਾਰ ਅਤੇ ਦੋਸਤਾਂ ਨਾਲ ਸਮਾਂ ਬਿਤਾਉਣ ਦਾ ਆਨੰਦ ਲੈ ਸਕਣ
- ਸ਼ਾਂਤ ਸੜਕਾਂ ਅਤੇ ਲੇਨਾਂ ਵਿੱਚ ਵਧੇਰੇ ਲਚਕਦਾਰ ਰਿਟੇਲ ਦੇ ਮੌਕੇ ਬਣਾਏ ਜਾਣਗੇ

### ਆਂਢ-ਗੁਆਂਢ ਦੇ ਅਜਿਹੇ ਪੱਧਰ ਨੂੰ ਉਤਸ਼ਾਹਿਤ ਕੀਤਾ ਜਾਵੇਗਾ ਜਿੱਥੇ ਜੋਸ਼ ਭਰੀਆਂ ਜਨਤਕ ਥਾਵਾਂ ਨੂੰ ਉਤਸ਼ਾਹ ਮਿਲੇ

- ਅਜਿਹੇ ਵਧੇਰੇ ਜੀਵੰਤ ਸਥਾਨ ਬਣਾਏ ਜਾਣਗੇ ਜਿੱਥੇ ਲੋਕ ਆਪਣੇ ਭਾਈਚਾਰੇ ਵਿੱਚ ਜਾਣਾ ਚਾਹੁੰਦੇ ਹਨ, ਜੋ ਘਰ ਤੋਂ ਆਸਾਨ ਪੈਦਲ, ਇਕੱਲੇ ਵਿਅਕਤੀ ਦੇ ਪਹੀਆਂ ਵਾਲੇ ਵਾਹਨ, ਜਾਂ ਸਾਈਕਲ ਚਲਾਉਣ ਦੀ ਦੂਰੀ ਦੇ ਅੰਦਰ ਹੋਣ



Villages

VANCOUVER PLAN
Implementation
2050

## ਵਿਲੇਜੇਜ਼ ਪਲੈਨਿੰਗ ਪ੍ਰੋਗਰਾਮ ਕੀ ਹੈ?

ਵਿਲੇਜੇਜ਼ ਪਲੈਨਿੰਗ ਪ੍ਰੋਗਰਾਮ ਦੇ ਤਿੰਨ ਪੜਾਅ ਹੋਣਗੇ ਅਤੇ ਇਸ ਨੂੰ ਪੂਰਾ ਕਰਨ ਵਿੱਚ ਲਗਭਗ 18 ਮਹੀਨੇ ਲੱਗਣਗੇ। ਇਸ ਵਿੱਚ ਭੂਮੀ ਦੀ ਵਰਤੋਂ ਬਾਰੇ ਵਿਸਤ੍ਰਿਤ ਯੋਜਨਾ ਸਮੇਤ, ਸਾਰੇ ਵਿਲੇਜਾਂ ਲਈ ਡ੍ਰਾਫਟ ਏਰੀਆ ਪਲੈਨ (ਖੇਤਰ ਯੋਜਨਾ) ਦਿੱਤਾ ਜਾਵੇਗਾ, ਅਤੇ ਜ਼ੋਨਿੰਗ ਤਬਦੀਲੀਆਂ ਲਈ ਖੇਤਰਾਂ ਦੀ ਪਛਾਣ ਕੀਤੀ ਜਾਵੇਗੀ, ਤਾਂ ਜੋ ਵਧੇਰੇ ਤੇਜ਼ੀ ਨਾਲ ਵਧੇਰੇ ਘਰ, ਖਾਸ ਤੌਰ 'ਤੇ ਮਾਰਕੀਟ ਅਤੇ ਮਾਰਕੀਟ ਤੋਂ ਹੇਠਲੇ ਕਿਰਾਏ ਵਾਲੇ ਯੂਨਿਟ, ਬਣਾਉਣ ਵਿੱਚ ਮਦਦ ਮਿਲ ਸਕੇ।

## ਵਿਲੇਜ ਅਤੇ ਵੈਨਕੂਵਰ ਪਲੈਨ

ਜੁਲਾਈ 2022 ਵਿੱਚ, ਵੈਨਕੂਵਰ ਸਿਟੀ ਕੌਂਸਲ ਨੇ ਵੈਨਕੂਵਰ ਪਲੈਨ ਨੂੰ ਮਨਜ਼ੂਰੀ ਦਿੱਤੀ, ਜੋ ਕਿ ਪੂਰੇ ਸ਼ਹਿਰ ਵਿੱਚ ਵਿਕਾਸ ਅਤੇ ਤਬਦੀਲੀ ਦਾ ਪ੍ਰਬੰਧਨ ਕਰਨ ਲਈ ਲੰਬੇ-ਸਮੇਂ ਲਈ ਜ਼ਮੀਨ ਦੀ ਵਰਤੋਂ ਬਾਰੇ ਰਣਨੀਤੀ ਹੈ।

ਯੋਜਨਾ ਦੇ ਕੇਂਦਰ ਵਿੱਚ ਤਿੰਨ ਬੁਨਿਆਦੀ ਸਿਧਾਂਤ ਹਨ: ਸੁਲ੍ਹਾ-ਸਫਾਈ, ਬਰਾਬਰੀ ਅਤੇ ਲਚਕੀਲਾਪਨ। ਯੋਜਨਾ ਨੂੰ ਤਿੰਨ ਵੱਡੇ ਵਿਚਾਰਾਂ ਦੁਆਰਾ ਆਕਾਰ ਦਿੱਤਾ ਗਿਆ ਹੈ: ਵਧੇਰੇ ਬਰਾਬਰੀ ਵਾਲੀ ਰਿਹਾਇਸ਼ ਅਤੇ ਸੰਪੂਰਨ ਆਂਢ-ਗੁਆਂਢ ਬਣਾਉਣਾ, ਅਜਿਹੀ ਅਰਥ-ਵਿਵਸਥਾ ਜੋ ਸਾਰਿਆਂ ਲਈ ਕੰਮ ਕਰੇ, ਅਤੇ ਜਲਵਾਯੂ ਸੁਰੱਖਿਆ ਅਤੇ ਬਹਾਲ ਕੀਤੀਆਂ ਵਾਤਾਵਰਣ ਪ੍ਰਣਾਲੀਆਂ।

### ਸਮਾਂਰੇਖਾ

ਅਸੀਂ ਇੱਥੇ ਹਾਂ

**ਪੜਾਅ 1:**
ਅੱਜ ਵਿਲੇਜ ਦੀ ਸਥਿਤੀ
ਪਤਝੜ - ਸਰਦੀਆਂ 2024/2025

**ਪੜਾਅ 2:**
ਉਭਰਦੇ ਵਿਚਾਰ ਅਤੇ ਦਿਸ਼ਾ
ਬਸੰਤ - ਗਰਮੀਆਂ 2025

**ਪੜਾਅ 3:**
ਡ੍ਰਾਫਟ ਯੋਜਨਾ ਅਤੇ ਨੀਤੀਆਂ
ਪਤਝੜ – ਸਰਦੀਆਂ 2025/2026

**ਕੌਂਸਲ ਦੁਆਰਾ ਵਿਚਾਰ:**
ਡ੍ਰਾਫਟ ਯੋਜਨਾ ਅਤੇ ਕੌਂਸਲ ਨੂੰ ਰਿਪੋਰਟ
2026 ਦੀ ਬਸੰਤ ਤੋਂ

ਯੋਜਨਾ ਵਿੱਚ ਰਿਹਾਇਸ਼, ਆਵਾਜਾਈ, ਕਮਿਊਨਿਟੀ ਦਾ ਬੁਨਿਆਦੀ ਢਾਂਚਾ, ਵਾਤਾਵਰਣ, ਅਤੇ ਜਨਤਕ ਥਾਂ ਵਰਗੇ ਵਿਸ਼ਿਆਂ ਨੂੰ ਕਵਰ ਕੀਤਾ ਗਿਆ ਹੈ ਅਤੇ ਇਹ ਵਧੇਰੇ ਵਿਸਤ੍ਰਿਤ ਯੋਜਨਾਬੰਦੀ ਦੇ ਕੰਮ ਲਈ ਇੱਕ ਢਾਂਚਾ ਦਿੰਦਾ ਹੈ, ਜਿਵੇਂ ਕਿ ਵਿਲੇਜੇਜ਼ ਪਲੈਨਿੰਗ ਪ੍ਰੋਗਰਾਮ, ਜਿਸ ਵਿੱਚ ਸਥਾਨਕ ਆਂਢ-ਗੁਆਂਢ ਪੱਧਰ 'ਤੇ ਖਾਸ ਮੌਕਿਆਂ ਅਤੇ ਚੁਣੌਤੀਆਂ 'ਤੇ ਧਿਆਨ ਦਿੱਤਾ ਜਾਵੇਗਾ।

ਅਸੀਂ ਵਰਤਮਾਨ ਵਿੱਚ ਵੈਨਕੂਵਰ ਪਲੈਨ ਨੂੰ ਲਾਗੂ ਕਰਨ ਲਈ ਕੰਮ ਕਰ ਰਹੇ ਹਾਂ। ਵਿਲੇਜੇਜ਼ ਪਲੈਨਿੰਗ ਪ੍ਰੋਗਰਾਮ, ਤਿੰਨ ਵੱਡੇ ਵਿਚਾਰਾਂ ਨੂੰ ਪੂਰਾ ਕਰਨ ਲਈ ਵਰਤਮਾਨ ਵਿੱਚ ਚੱਲ ਰਹੇ ਪ੍ਰਮੁੱਖ ਪ੍ਰੋਜੈਕਟਾਂ ਵਿੱਚੋਂ ਇੱਕ ਹੈ। ਹੋਰ ਪ੍ਰੋਜੈਕਟ ਜਿਨ੍ਹਾਂ ਵਿੱਚ ਵੈਨਕੂਵਰ ਦੀ ਸੋਸ਼ਲ ਹਾਊਸਿੰਗ ਪਹਿਲਕਦਮੀ (Vancouver's Social Housing Initiative), ਰੁਜ਼ਗਾਰ ਵਾਲੀ ਜ਼ਮੀਨ ਦੀ ਜ਼ੋਨਿੰਗ (Employment Lands Zoning), ਵਾਤਾਵਰਣ ਅਤੇ ਜ਼ਮੀਨ ਦੀ ਵਰਤੋਂ ਦੀ ਯੋਜਨਾਬੰਦੀ (Ecology and Land Use Planning), ਅਤੇ ਹਾਊਸਿੰਗ ਡਿਲੀਵਰੀ ਨੂੰ ਸਮਰਥਨ ਦੇਣ ਲਈ ਨਵੇਂ ਜ਼ੋਨ ਵਿਕਸਿਤ ਕਰਨਾ ਸ਼ਾਮਲ ਹਨ। **VancouverPlan.ca** 'ਤੇ ਹੋਰ ਜਾਣੋ।

ਇਸ ਵੈੱਬਸਾਈਟ 'ਤੇ ਜਾ ਕੇ ਵੈਨਕੂਵਰ ਪਲੈਨ ਨੂੰ ਲਾਗੂ ਕਰਨ ਬਾਰੇ ਹੋਰ ਜਾਣੋ: **shapeyourcity.ca/vancouver-plan**

ਵਿਲੇਜ, ਸਾਡੀ ਸ਼ਹਿਰ-ਵਿਆਪੀ ਲੰਬੇ ਸਮੇਂ ਲਈ ਜ਼ਮੀਨ ਦੀ ਵਰਤੋਂ ਬਾਰੇ ਰਣਨੀਤੀ, ਵੈਨਕੂਵਰ ਪਲੈਨ, ਵਿੱਚ ਪਛਾਣੇ ਗਏ ਛੇ ਵੱਖ-ਵੱਖ ਕਿਸਮਾਂ ਦੇ ਆਂਢ-ਗੁਆਂਢਾਂ ਵਿੱਚੋਂ ਇੱਕ ਹਨ। ਵੈਨਕੂਵਰ ਪਲੈਨ ਵਿੱਚ 25 ਵਿਲੇਜਾਂ ਦੀ ਪਛਾਣ ਕੀਤੀ ਗਈ ਹੈ ਜੋ ਵਧੇਰੇ ਰਿਹਾਇਸ਼ੀ ਵਿਕਲਪ ਅਤੇ ਰਿਟੇਲ ਦੇ ਮੌਕੇ ਪ੍ਰਦਾਨ ਕਰਨ ਲਈ ਸਮੇਂ ਦੇ ਨਾਲ ਬਦਲਦੇ ਰਹਿਣਗੇ। ਉਹਨਾਂ ਨੂੰ ਮੌਜੂਦਾ ਵਪਾਰਕ ਜ਼ੋਨਿੰਗ ਵਾਲੇ ਛੋਟੇ ਰਿਟੇਲ ਖੇਤਰਾਂ ਦੇ ਅਧਾਰ 'ਤੇ ਚੁਣਿਆ ਗਿਆ ਸੀ।

ਵਿਲੇਜਾਂ ਵਿੱਚ ਵੈਨਕੂਵਰ ਦੇ ਸਾਰੇ ਬਲਾਕਾਂ ਦਾ ਲਗਭਗ 13% (ਜਾਂ ~ 600 ਬਲਾਕ) ਆਉਂਦਾ ਹੈ। ਮੌਜੂਦਾ ਯੋਜਨਾਬੰਦੀ ਪ੍ਰੋਗਰਾਮ 25 ਵਿੱਚੋਂ 17 ਵਿਲੇਜਾਂ 'ਤੇ ਕੇਂਦ੍ਰਿਤ ਹੈ, ਬਾਕੀ ਰਹਿੰਦੇ ਅੱਠਾਂ 'ਤੇ ਕੰਮ ਨੂੰ ਹੋਰ ਮੌਜੂਦਾ ਜਾਂ ਭਵਿੱਖ ਦੀਆਂ ਯੋਜਨਾਬੰਦੀ ਪਹਿਲਕਦਮੀਆਂ ਵਿੱਚ ਸ਼ਾਮਲ ਕੀਤਾ ਜਾਵੇਗਾ।



Villages

VANCOUVER PLAN
Implementation
2050

# ਵਿਲੇਜੇਜ਼ ਪਲੈਨਿੰਗ ਨੀਤੀਆਂ

### ਰਿਹਾਇਸ਼

- ਘੱਟ ਅਤੇ ਦਰਮਿਆਨੀ-ਆਮਦਨੀ ਵਾਲੇ ਪਰਿਵਾਰਾਂ ਲਈ ਨਵੇਂ ਰਿਹਾਇਸ਼ੀ ਮੌਕੇ ਪੈਦਾ ਕਰਨੇ ਜਿਸ ਵਿੱਚ ਵਿਅਸਤ ਮੁੱਖ ਸੜਕਾਂ ਤੋਂ ਦੂਰ ਪਰ ਆਵਾਜਾਈ, ਹਰੀਆਂ ਥਾਵਾਂ, ਸਕੂਲਾਂ, ਅਤੇ ਹੋਰ ਸਹੂਲਤਾਂ ਅਤੇ ਸੇਵਾਵਾਂ ਦੇ ਨੇੜੇ ਸਥਿਤ ਉਦੇਸ਼-ਨਿਰਮਿਤ ਕਿਰਾਏ ਵਾਲੀਆਂ ਅਤੇ ਸਮਾਜਿਕ ਰਿਹਾਇਸ਼ਾਂ 'ਤੇ ਜ਼ੋਰ ਦਿੱਤਾ ਜਾਂਦਾ ਹੈ।
- ਮਿਸਿੰਗ ਮਿਡਲ ਹਾਊਸਿੰਗ ਵਿਕਲਪਾਂ ਨੂੰ ਸਮਰੱਥ ਬਣਾਉਣਾ ਜਿਵੇਂ ਕਿ ਮਲਟੀਪਲੈਕਸ ਅਤੇ ਟਾਊਨਹਾਊਸ।

### ਖਰੀਦਦਾਰੀ ਖੇਤਰ

- ਟ੍ਰੈਫ਼ਿਕ ਦੇ ਸ਼ੋਰ ਅਤੇ ਪ੍ਰਦੂਸ਼ਣ ਤੋਂ ਘੱਟ ਪ੍ਰਭਾਵਿਤ ਸੜਕਾਂ ਦੇ ਨਾਲ ਮੌਜੂਦਾ ਰਿਟੇਲ ਕਲੱਸਟਰਾਂ ਦਾ ਵਿਸਤਾਰ ਕਰਨਾ। ਜਿੱਥੇ ਮੌਜੂਦਾ ਰਿਟੇਲ ਕਲੱਸਟਰ ਮੌਜੂਦ ਨਹੀਂ ਹਨ, ਰਿਟੇਲ ਨੂੰ ਸਕੂਲਾਂ, ਬੱਚਿਆਂ ਦੀ ਦੇਖਭਾਲ, ਅਤੇ ਭਾਈਚਾਰਕ ਬੁਨਿਆਦੀ ਢਾਂਚੇ ਵਰਗੀਆਂ ਭਾਈਚਾਰਕ ਵਰਤੋਂ ਦੇ ਨਾਲ ਸਹਿ-ਸਥਾਪਤ ਕਰਨ ਦੇ ਮੌਕਿਆਂ ਦੀ ਪੜਚੋਲ ਕਰਨੀ।
- ਕਾਰੋਬਾਰੀ ਵਿਹਾਰਕਤਾ ਨੂੰ ਬਿਹਤਰ ਬਣਾਉਣ ਲਈ ਰਿਟੇਲ ਦੇ ਘੱਟੋ-ਘੱਟ ਦੇ ਨਿਰੰਤਰ ਬਲਾਕਾਂ 'ਤੇ ਵਿਚਾਰ ਕਰਨਾ।

### ਬਣਿਆ ਰੂਪ

- 3 ਤੋਂ 6 ਮੰਜ਼ਿਲਾਂ ਦੇ ਵਿਚਕਾਰ ਵੱਖ-ਵੱਖ ਤਰ੍ਹਾਂ ਦੀਆਂ ਮਿਸ਼ਰਿਤ ਵਰਤੋਂ ਵਾਲੀਆਂ ਘੱਟ-ਉੱਚੀਆਂ ਇਮਾਰਤਾਂ ਅਤੇ ਡਿਟੈਚਡ ਅਤੇ ਘੱਟ-ਉਚਾਈ ਵਾਲੀਆਂ ਰਿਹਾਇਸ਼ਾਂ, ਖਾਸ ਕਰਕੇ ਮਲਟੀਪਲੈਕਸ ਅਤੇ ਟਾਊਨਹਾਊਸਾਂ ਨੂੰ ਇਜਾਜ਼ਤ ਦੇਣੀ।

### ਜਨਤਕ ਖੇਤਰ

- ਦੁਕਾਨਾਂ, ਸੇਵਾਵਾਂ ਅਤੇ ਕਮਿਊਨਿਟੀ ਥਾਵਾਂ ਦੇ ਨੇੜੇ ਜਨਤਕ ਖੁੱਲ੍ਹੀਆਂ ਥਾਵਾਂ ਨੂੰ ਸਥਿਤ ਕਰਨਾ ਤਾਂ ਜੋ ਸਥਾਨਕ ਕਾਰੋਬਾਰਾਂ ਨੂੰ ਸਮਰਥਨ ਦਿੱਤਾ ਜਾ ਸਕੇ ਅਤੇ ਸਮਾਜਿਕ ਸੰਪਰਕ ਦੇ ਮੌਕੇ ਮੁਹੱਈਆ ਕੀਤੇ ਜਾ ਸਕਣ।

### ਕੁਦਰਤ

- ਜਿੱਥੇ ਵੀ ਸੰਭਵ ਹੋਵੇ ਰੁੱਖਾਂ ਨੂੰ ਬਰਕਰਾਰ ਰੱਖਣ ਅਤੇ ਮੂਲ ਮਿੱਟੀ ਨੂੰ ਸੁਰੱਖਿਅਤ ਰੱਖਣ ਦੇ ਮੌਕਿਆਂ ਦੀ ਪੜਚੋਲ ਕਰਨੀ। ਨਵੇਂ ਨਿੱਜੀ ਵਿਕਾਸ ਦੇ ਡਿਜ਼ਾਈਨ ਵਿੱਚ ਵਾਤਾਵਰਣ ਸੰਬੰਧੀ ਲੈਂਡਸਕੇਪਿੰਗ (ਭੂ-ਦ੍ਰਿਸ਼ ਨਿਰਮਾਣ) ਅਤੇ ਕਾਰਜ ਦੀ ਵਰਤੋਂ ਕਰਨੀ।

# ਸ਼ਾਮਲ ਹੋਵੋ!

ਵਿਲੇਜਾਂ ਦੇ ਭਵਿੱਖ ਨੂੰ ਆਕਾਰ ਦੇਣ ਵਿੱਚ ਸਾਡੀ ਮਦਦ ਕਰੋ! ਆਪਣੇ ਵਿਚਾਰ ਸਾਂਝੇ ਕਰੋ ਕਿ ਤੁਸੀਂ ਭਵਿੱਖ ਵਿੱਚ ਉਹਨਾਂ ਵਿੱਚ ਕੀ ਤਬਦੀਲੀਆਂ ਦੇਖਣ ਦੀ ਉਮੀਦ ਕਰੋਗੇ। ਤੁਸੀਂ ਹੇਠਾਂ ਲਿਖੇ ਢੰਗਾਂ ਨਾਲ ਸ਼ਾਮਲ ਹੋ ਸਕਦੇ ਹੋ:

- ਔਨਲਾਈਨ ਬੋਰਡ ਸਾਰ ਨੂੰ ਪੜ੍ਹਨਾ
- ਸਾਡੇ ਸਰਵੇਖਣ ਵਿੱਚ ਭਾਗ ਲੈਣਾ
- ਸਾਡੇ ਵਰਚੁਅਲ ਜਨਤਕ ਜਾਣਕਾਰੀ ਸੈਸ਼ਨਾਂ ਵਿੱਚੋਂ ਇੱਕ ਵਿੱਚ ਸ਼ਾਮਲ ਹੋਣਾ
- ਤੁਹਾਡੇ ਨੇੜਲੇ ਗੁਆਂਢ ਵਿੱਚ ਸਾਡੇ ਵਿਅਕਤੀਗਤ ਓਪਨ ਹਾਊਸਾਂ ਵਿੱਚੋਂ ਇੱਕ ਵਿੱਚ ਭਾਗ ਲੈਣਾ

shapeyourcity.ca/Villages

villages@vancouver.ca

CITY OF VANCOUVER | Vancouver Plan



©2024 City of Vancouver | 24-246 | Punjabi